# ਛਾਤੀ ਦਾ ਟੈੱਸਟ

ਸਕਰੀਨਿੰਗ ਮੈਮੋਗ੍ਰਾਫੀ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

***ਬੀ ਸੀ ਕੈਂਸਰ ਬਰੈੱਸਟ ਸਕਰੀਨਿੰਗ, ਮੈਮੋਗ੍ਰਾਮਜ਼ ਦੇ ਮੁਫਤ ਟੈੱਸਟ ਕਰਦੀ ਹੈ।***

## ਸਕਰੀਨਿੰਗ ਮੈਮੋਗ੍ਰਾਮ ਕੀ ਹੈ?

ਮੈਮੋਗ੍ਰਾਮਜ਼ ਛਾਤੀਆਂ ਦੇ ਐਕਸਰੇ ਹਨ ਜੋ ਕਿ ਖਾਸ ਤੌਰ ’ਤੇ ਟਰੇਂਡ ਕਿਸੇ ਔਰਤ ਟੈਕਨੌਲੋਜਿਸਟ ਵਲੋਂ ਪੂਰੀ ਤਰ੍ਹਾਂ ਪਰਦੇ ਵਿਚ ਕੀਤੇ ਜਾਂਦੇ ਹਨ। ਸਕਰੀਨਿੰਗ ਮੈਮੋਗ੍ਰਾਮ ਵਿਚ ਚਾਰ ਚਿੱਤਰ ਲਏ ਜਾਂਦੇ ਹਨ (ਹਰ ਛਾਤੀ ਦੇ ਦੋ) ਜੋ ਲੁਕਵੀਂ ਕੈਂਸਰ ਦਾ ਪਤਾ ਲਾਉਂਦੇ ਹਨ, ਜੇ ਤੁਸੀਂ ਤੰਦਰੁਸਤ ਹੋਵੋ (ਕੋਈ ਨਿਸ਼ਾਨੀਆਂ ਨਹੀਂ) ਅਤੇ ਤੁਹਾਨੂੰ ਕਦੇ ਵੀ ਛਾਤੀ ਦੀ ਕੈਂਸਰ ਨਹੀਂ ਹੋਈ। ਜੇ ਤੁਹਾਡੇ ਵਿਚ ਨਿਸ਼ਾਨੀਆਂ ਹਨ ਜਿਨ੍ਹਾਂ ਵਿਚ ਕੋਈ ਗਿਲਟੀ ਬਣਨਾ ਜਾਂ ਨਿੱਪਲ ਵਿੱਚੋਂ ਮੁਆਦ ਨਿਕਲਣਾ ਸ਼ਾਮਲ ਹਨ, ਤਾਂ ਤੁਹਾਨੂੰ ਇਹ ਪਤਾ ਲਾਉਣ ਲਈ ਫੌਰਨ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਕਿ ਕੀ ਹੋਰ ਟੈੱਸਟਾਂ ਦੀ ਲੋੜ ਹੈ।

## ਮੈਮੋਗ੍ਰਾਮ ਦੌਰਾਨ ਕੀ ਹੁੰਦਾ ਹੈ?

1. ਇਕ ਔਰਤ ਮੈਡੀਕਲ ਰੇਡੀਏਸ਼ਨ ਟੈਕਨੋਲੋਜਿਸਟ ਤੁਹਾਡੀ ਛਾਤੀ ਨੂੰ ਇਕ ਖਾਸ ਐਕਸਰੇ ਮਸ਼ੀਨ ’ਤੇ ਰੱਖੇਗੀ।
2. ਤੁਹਾਡੀ ਛਾਤੀ ਨੂੰ ਕੁਝ ਸਕਿੰਟਾਂ ਲਈ ਟਿਕਾਈ ਰੱਖਣ ਲਈ ਪਲਾਸਟਿਕ ਦੀ ਇਕ ਪਲੇਟ ਵਰਤੀ ਜਾਵੇਗੀ।
3. ਐਕਸਰੇ ਲੈਣ ਵੇਲੇ ਤੁਸੀਂ ਆਪਣੀ ਛਾਤੀ ਉੱਪਰ ਥੋੜ੍ਹਾ ਜਿਹਾ ਪਰੈਸ਼ਰ ਮਹਿਸੂਸ ਕਰੋਗੇ। ਛਾਤੀ ਦੇ ਟਿਸ਼ੂ ਨੂੰ ਫੈਲਾਉਣ ਅਤੇ ਹਿਲਜੁਲ ਨਾ ਹੋਣ ਦੇਣ ਲਈ ਦਬਾਉ ਪਾਉਣਾ ਜ਼ਰੂਰੀ ਹੈ, ਨਹੀਂ ਤਾਂ ਐਕਸਰੇ ਸਾਫ ਨਹੀਂ ਆਵੇਗਾ। ਇਹ ਬੇਆਰਾਮੀ ਵਾਲਾ ਹੋ ਸਕਦਾ ਹੈ ਅਤੇ ਆਮ ਤੌਰ ’ਤੇ 10 ਕੁ ਸਕਿੰਟ ਨਾਲੋਂ ਜ਼ਿਆਦਾ ਸਮਾਂ ਨਹੀਂ ਰਹਿੰਦਾ।
4. ਚਾਰ ਤਸਵੀਰਾਂ ਲਈਆਂ ਜਾਂਦੀਆ ਹਨ, ਹਰ ਛਾਤੀ ਦੀਆਂ ਦੋ।
5. ਇਹ ਪੱਕਾ ਕਰਨ ਲਈ ਟੈਕਨੌਲੋਜਿਸਟ ਤਸਵੀਰਾਂ ਦੀ ਕੁਆਲਟੀ ਚੈੱਕ ਕਰੇਗੀ ਕਿ ਰੇਡੀਓਲੋਜਿਸਟ ਇਨ੍ਹਾਂ ਨੂੰ ਪੜ੍ਹ ਸਕੇ। ਫਿਰ, ਜੇ ਲੋੜ ਹੋਵੇ ਤਾਂ ਟੈਕਨੌਲੋਜਿਸਟ ਹੋਰ ਤਸਵੀਰਾਂ ਵੀ ਲੈ ਸਕਦੀ ਹੈ।

## ਮੈਮੋਗ੍ਰਾਮ ਮਹੱਤਵਪੂਰਨ ਕਿਉਂ ਹਨ?

- ☑ ਮੈਮੋਗ੍ਰਾਮ ਜ਼ਿੰਦਗੀਆਂ ਬਚਾਉਂਦੇ ਹਨ।. ਇਹ ਉਦੋਂ ਕੈਂਸਰ ਲੱਭਣ ਵਿਚ ਮਦਦ ਕਰਦੇ ਹਨ ਜਦੋਂ ਕੈਂਸਰ ਛੋਟੀ ਹੁੰਦੀ ਹੈ, ਜਿਸ ਨਾਲ ਇਲਾਜ ਦੀਆਂ ਜ਼ਿਆਦਾ ਚੋਣਾਂ ਹੁੰਦੀਆਂ ਹਨ ਅਤੇ ਠੀਕ ਹੋਣ ਦੇ ਬਿਹਤਰ ਮੌਕੇ ਹੁੰਦੇ ਹਨ।
- ☑ ਉਮਰ ਨਾਲ ਛਾਤੀ ਦੀ ਕੈਂਸਰ ਦਾ ਖਤਰਾ ਵਧਦਾ ਹੈ।. ਛਾਤੀ ਦੀ ਕੈਂਸਰ ਦੇ 80 ਪ੍ਰਤੀਸ਼ਤ ਕੇਸਾਂ ਦੀ ਪਛਾਣ 50 ਸਾਲ ਜਾਂ ਜ਼ਿਆਦਾ ਉਮਰ ਦੀਆਂ ਔਰਤਾਂ ਵਿਚ ਹੁੰਦੀ ਹੈ।
- ☑ ਮੈਮੋਗ੍ਰਾਮਜ਼ ਆਮ ਤੌਰ ’ਤੇ ਗਿਲਟੀਆਂ ਦਾ ਪਤਾ, ਤੁਹਾਡੇ ਜਾਂ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਵਲੋਂ ਮਹਿਸੂਸ ਕਰਨ ਤੋਂ ਦੋ ਜਾਂ ਤਿੰਨ ਸਾਲ ਪਹਿਲਾਂ ਲਾ ਸਕਦੇ ਹਨ। ਖੋਜ ਨੇ ਇਹ ਦਿਖਾਇਆ ਹੈ ਕਿ ਜਿਹੜੀਆਂ ਔਰਤਾਂ ਨੇਮ ਨਾਲ ਟੈੱਸਟ ਕਰਵਾਉਂਦੀਆਂ ਹਨ ਉਨ੍ਹਾਂ ਵਿਚ ਛਾਤੀ ਦੀ ਕੈਂਸਰ ਨਾਲ 25 ਪ੍ਰਤੀਸ਼ਤ ਘੱਟ ਮੌਤਾਂ ਹੁੰਦੀਆਂ ਹਨ।
- ☑ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਬੀ ਸੀ ਦੀਆਂ ਅੱਠ ਔਰਤਾਂ ਪਿੱਛੇ ਇਕ ਨੂੰ ਆਪਣੀ ਜ਼ਿੰਦਗੀ ਵਿਚ ਕੈਂਸਰ ਹੋਵੇਗੀ।

## ਮੈਮੋਗ੍ਰਾਫੀ ਦੀਆਂ ਕੀ ਸੀਮਾਵਾਂ ਅਤੇ ਹੋਰ ਵਿਚਾਰਾਂ ਹਨ?

- ਮੈਮੋਗ੍ਰਾਮ ਉੱਪਰ ਸਾਰੀਆਂ ਛਾਤੀਆਂ ਇੱਕੋ ਜਿਹੀਆਂ ਨਹੀਂ ਦਿਖਾਈਆਂ ਦਿੰਦੀਆਂ। ਤੁਹਾਡੀ ਉਮਰ ਜਾਂ ਬਰੈੱਸਟ ਡੈਨਸਿਟੀ ਕੈਂਸਰਾਂ ਨੂੰ ਦੇਖਣਾ ਜ਼ਿਆਦਾ ਜਾਂ ਘੱਟ ਔਖਾ ਬਣਾ ਸਕਦੀ ਹੈ। ਆਮ ਤੌਰ ’ਤੇ, ਜੇ ਤੁਸੀਂ ਘੱਟ ਉਮਰ ਦੇ ਹੋਵੋ ਤਾਂ ਮੈਮੋਗ੍ਰਾਮਜ਼ ਦੇ ਟੈੱਸਟ ਘੱਟ ਅਸਰਦਾਰ ਹੁੰਦੇ ਹਨ ਕਿਉਂਕਿ ਤੁਹਾਡੀ ਛਾਤੀ ਦਾ ਟਿਸ਼ੂ ਸੰਘਣਾ ਹੋਣ ਦੀ ਸੰਭਾਵਨਾ ਹੁੰਦੀ ਹੈ।
- ਕੁਝ ਕੈਂਸਰਾਂ ਦਾ, ਕੈਂਸਰ ਦੀ ਥਾਂ ਜਾਂ ਤੁਹਾਡੀ ਛਾਤੀ ਦੇ ਟਿਸ਼ੂ ਦੇ ਸੰਘਣੇਪਣ ਕਰਕੇ ਮੈਮੋਗ੍ਰਾਮ ਉੱਪਰ ਪਤਾ ਨਹੀਂ ਲਾਇਆ ਜਾ ਸਕਦਾ। ਮੈਮੋਗ੍ਰਾਮ ਦੇ ਟੈੱਸਟ ਨਾਲ 40-49 ਦੇ ਵਿਚਕਾਰ ਦੀ ਉਮਰ ਵਿਚ ਤਕਰੀਬਨ 25 ਪ੍ਰਤੀਸ਼ਤ ਕੈਂਸਰਾਂ ਦਾ ਪਤਾ ਨਹੀਂ ਲੱਗਦਾ ਜਦ ਕਿ ਇਸ ਦੀ ਤੁਲਨਾ ਵਿਚ 50 ਸਾਲ ਦੀ ਉਮਰ ਨਾਲੋਂ ਜ਼ਿਆਦਾ ਵਾਲਿਆਂ ਵਿਚ ਇਹ ਦਰ ਤਕਰੀਬਨ 10 ਪ੍ਰਤੀਸ਼ਤ ਹੈ।
- ਬੀ ਸੀ ਕੈਂਸਰ ਬਰੈੱਸਟ ਸਕਰੀਨਿੰਗ ਰਾਹੀਂ ਟੈੱਸਟ ਕੀਤੇ ਜਾਣ ਵਾਲਿਆਂ ਦੀ ਔਸਤ ਨੌਂ ਪ੍ਰਤੀਸ਼ਤ ਨੂੰ ਵਾਧੂ ਟੈੱਸਟਾਂ ਦੀ ਲੋੜ ਪਵੇਗੀ ਤਾਂ ਜੋ ਛਾਤੀ ਦੀ ਕਿਸੇ ਖਾਸ ਥਾਂ ਨੂੰ ਜ਼ਿਆਦਾ ਨੇੜਿਉਂ ਦੇਖਿਆ ਜਾ ਸਕੇ। ਇਸ ਦਾ ਮਤਲਬ ਇਹ ਨਹੀਂ ਹੈ ਕਿ ਕੈਂਸਰ ਲੱਭੀ ਹੈ – ਜਿਨ੍ਹਾਂ ਨੂੰ ਵਾਧੂ ਟੈੱਸਟਾਂ ਲਈ ਦੁਬਾਰਾ ਸੱਦਿਆ ਜਾਂਦਾ ਹੈ, ਉਨ੍ਹਾਂ ਵਿੱਚੋਂ 95 ਪ੍ਰਤੀਸ਼ਤ ਨੂੰ ਕੈਂਸਰ ਨਹੀਂ ਹੁੰਦੀ।
- ਮੈਮੋਗ੍ਰਾਮਜ਼ ਰੇਡੀਏਸ਼ਨ ਦੀਆਂ ਹਲਕੀਆਂ ਡੋਜ਼ਾਂ ਵਰਤਦੇ ਹਨ। ਨੇਮ ਨਾਲ ਮੈਮੋਗ੍ਰਾਮਜ਼ ਕਰਵਾਉਣ ਦੇ ਫਾਇਦੇ ਰੇਡੀਏਸ਼ਨ ਦੀ ਉਸ ਛੋਟੀ ਜਿਹੀ ਮਾਤਰਾ ਨਾਲ ਪੈਦਾ ਹੋਣ ਵਾਲੇ ਖਤਰਿਆਂ ਨਾਲੋਂ ਕਿਤੇ ਜ਼ਿਆਦਾ ਹਨ ਜਿਸ ਦੇ ਸੰਪਰਕ ਵਿਚ ਤੁਸੀਂ ਆਉਂਦੇ ਹੋ।

ਮੈਮੋਗ੍ਰਾਮਜ਼ ਦੇ ਫਾਇਦਿਆਂ ਅਤੇ ਸੀਮਾਵਾਂ ਬਾਰੇ ਜ਼ਿਆਦਾ ਜਾਣੋ: [www.screeningbc.ca/breast](http://www.screeningbc.ca/breast)

## ਆਪਣੇ ਮੈਮੋਗ੍ਰਾਮ ਲਈ ਤਿਆਰ ਹੋਣ ਲਈ ਕੀ ਮੈਂ ਕੋਈ ਚੀਜ਼ ਕਰ ਸਕਦੀ ਹਾਂ?

- ☑ ਆਪਣੀ ਅਪੌਇੰਟਮੈਂਟ ਉਦੋਂ ਲਈ ਬਣਾਉਣ ਦੀ ਕੋਸ਼ਿਸ਼ ਕਰੋ ਜਦੋਂ ਤੁਹਾਡੀ ਛਾਤੀਆਂ ਘੱਟ ਸੰਵੇਦਨਸ਼ੀਲ ਹੁੰਦੀਆਂ ਹਨ (ਆਪਣੇ ਪਿਛਲੇ ਪੀਰੀਅਡ ਤੋਂ ਬਾਅਦ 10 ਦਿਨਾਂ ਦੇ ਵਿਚ ਵਿਚ)।
- ☑ ਦੋ ਪੀਸਾਂ ਵਾਲਾ ਸੂਟ ਪਾਉ ਅਤੇ ਉਪਰਲਾ ਪੀਸ ਮੂਹਰੇ ਨੂੰ ਖੁਲ੍ਹਦਾ ਹੋਵੇ। ਤੁਹਾਨੂੰ ਲੱਕ ਤੋਂ ਉਪਰ ਦੇ ਕੱਪੜੇ ਲਾਹੁਣ ਲਈ ਕਿਹਾ ਜਾਵੇਗਾ।
- ☑ ਅਪੌਇੰਟਮੈਂਟ ਵਾਲੇ ਦਿਨ ਕੋਈ ਵੀ ਦੁਰਗੰਧ-ਨਾਸ਼ਕ, ਪਾਊਡਰ, ਕਰੀਮਾਂ ਜਾਂ ਲੋਸ਼ਨ ਨਾ ਵਰਤੋ। ਇਹ ਚੀਜ਼ਾਂ ਰਹਿੰਦ-ਖੂੰਹਦ ਛੱਡ ਸਕਦੀਆਂ ਹਨ ਜਿਸ ਨਾਲ ਤੁਹਾਡਾ ਮੈਮੋਗ੍ਰਾਮ ਪੜ੍ਹਨਾ ਔਖਾ ਹੋ ਸਕਦਾ ਹੈ।
- ☑ ਟੈੱਸਟ ਤੋਂ ਕਈ ਦਿਨ ਪਹਿਲਾਂ ਕੈਫੀਨ ਤੋਂ ਪਰਹੇਜ਼ ਕਰਨਾ ਤੁਹਾਨੂੰ ਮਦਦ ਕਰਨ ਵਾਲਾ ਲੱਗ ਸਕਦਾ ਹੈ।

ਜੇ ਤੁਸੀਂ ਛਾਤੀ ਦੇ (ਬਰੈੱਸਟ) ਟਿਸ਼ੂ ਵਾਲੇ ਟ੍ਰਾਂਸਜੈਂਡਰ ਵਿਅਕਤੀ ਹੋ ਜਾਂ ਲਿੰਗ (ਜੈਂਡਰ) ਪੱਕਾ ਕਰਨ ਵਾਲੀ ਹਾਰਮੋਨ ਥੈਰੇਪੀ ਕਰਵਾ ਰਹੇ ਹੋ ਤਾਂ ਤੁਹਾਨੂੰ ਨੇਮ ਨਾਲ ਟੈੱਸਟ ਕਰਵਾਉਣਾ ਚਾਹੀਦਾ ਹੈ। ਜ਼ਿਆਦਾ ਜਾਣਕਾਰੀ ਲਈ screeningbc.ca/breast ’ਤੇ ਜਾਉ।

## ਸਕਰੀਨਿੰਗ ਮੈਮੋਗ੍ਰਾਮ ਕਰਵਾਉਣ ਬਾਰੇ ਕਿਸ ਨੂੰ ਵਿਚਾਰ ਕਰਨਾ ਚਾਹੀਦਾ ਹੈ?

ਸਕਰੀਨਿੰਗ ਮੈਮੋਗ੍ਰਾਮ ਬੀ ਸੀ ਦੀਆਂ 40 ਸਾਲ ਦੀਆਂ ਅਤੇ ਇਸ ਤੋਂ ਜ਼ਿਆਦਾ ਉਮਰ ਦੀਆਂ ਔਰਤਾਂ ਲਈ ਉਪਲਬਧ ਹਨ। ਡਾਕਟਰ ਵਲੋਂ ਭੇਜੇ ਜਾਣ ਦੀ ਲੋੜ ਨਹੀਂ ਹੈ।

| ਉਮਰ | ਕਿੰਨੀ ਕੁ ਵਾਰੀ ਟੈੱਸਟ ਕਰਵਾਉਣਾ ਹੈ? |
|---|---|
| **40-74**<br>ਜਿਸ ਦੀ ਮਾਂ, ਧੀ, ਭੈਣ ਨੂੰ ਛਾਤੀ ਦੀ ਕੈਂਸਰ ਹੋਈ ਹੈ | **ਹਰ ਸਾਲ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |
| **40-49**<br>ਜਿਸ ਦੇ ਪਰਿਵਾਰ ਵਿਚ ਨਹੀਂ ਹੈ | **ਹਰ ਦੋ ਸਾਲਾਂ ਬਾਅਦ ਉਪਲਬਧ ਹੈ।**<br>ਇਸ ਚੀਜ਼ ਬਾਰੇ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ ਕਿ ਟੈਸਟ ਕਦੋਂ ਤੋਂ ਸ਼ੁਰੂ ਕਰਨਾ ਹੈ। |
| **50-74**<br>ਜਿਸ ਦੇ ਪਰਿਵਾਰ ਵਿਚ ਨਹੀਂ ਹੈ | **ਹਰ ਦੋ ਸਾਲ ਬਾਅਦ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |
| **75+** | **ਹਰ ਦੋ ਤੋਂ ਤਿੰਨ ਸਾਲ ਬਾਅਦ ਉਪਲਬਧ ਹੈ।**<br>ਇਸ ਚੀਜ਼ ਬਾਰੇ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ ਕਿ ਟੈਸਟ ਕਦੋਂ ਬੰਦ ਕਰਨਾ ਹੈ। |

ਜੇ ਤੁਹਾਡੀ ਉਮਰ 30–74 ਸਾਲ ਦੇ ਵਿਚਕਾਰ ਹੈ ਅਤੇ ਤੁਹਾਡੇ ਵਿਚ ਇਨ੍ਹਾਂ ਵਿੱਚੋਂ ਘੱਟੋ ਘੱਟ ਕੋਈ ਇਕ ਹੈ ਤਾਂ ਹਰ ਸਾਲ ਮੈਮੋਗ੍ਰਾਮਜ਼ ਟੈੱਸਟ ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਤੁਸੀਂ ਬੀ ਆਰ ਸੀ ਏ 1 ਜਾਂ ਬੀ ਆਰ ਸੀ ਏ 2 ਵਾਲੇ ਹੋ;
- ਤੁਸੀਂ ਬੀ ਆਰ ਸੀ ਏ 1 ਜਾਂ ਬੀ ਆਰ ਸੀ ਏ 2 ਵਾਲੇ ਕਿਸੇ ਵਿਅਕਤੀ ਦੇ ਪਹਿਲੀ ਡਿਗਰੀ ਦੇ ਨਾ-ਟੈੱਸਟ ਕੀਤੇ ਗਏ ਰਿਸ਼ਤੇਦਾਰ ਹੋ;
- ਪਰਿਵਾਰ ਵਿਚ ਛਾਤੀ ਦੀ ਕੈਂਸਰ ਦੀ ਬਹੁਤ ਜ਼ਿਆਦਾ ਹਿਸਟਰੀ ਹੋਵੇ; ਜਾਂ,
- ਜੇ ਪਹਿਲਾਂ ਛਾਤੀ ਦੀ ਰੇਡੀਏਸ਼ਨ ਹੋਈ ਹੋਵੇ।

ਜਾਣਕਾਰੀ ਅਤੇ ਰੈਫਰਲ ਲਈ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨਾਲ ਗੱਲ ਕਰੋ।

## ਮੈਂ ਸਕਰੀਨਿੰਗ ਮੈਮੋਗ੍ਰਾਫੀ ਲਈ ਅਪੌਇੰਟਮੈਂਟ ਕਿਵੇਂ ਬਣਾਉਣੀ ਹੈ?

| ਟੈੱਸਟ ਕਰਨ ਵਾਲੇ ਹੇਠਾਂ ਦੱਸੇ ਗਏ ਸੈਂਟਰਾਂ ਨਾਲ ਸਿੱਧਾ ਬੁੱਕ ਕਰੋ: | | | |
|---|---|---|---|
| ਐਬਟਸਫੋਰਡ | 604-851-4750 | ਨਨਾਇਮੋ | 250-716-5904 |
| ਬਰਨਬੀ | 604-436-0691 | ਨੌਰਥ ਵੈਨਕੂਵਰ | 604-903-3860 |
| ਕੋਮੌਕਸ ਵੈਲੀ | 250-331-5949 | ਪਨਟਿਕਟਿਨ | 250-770-7573 |
| ਕੋਕੁਇਟਲਮ | 604-927-2130 | ਪ੍ਰਿੰਸ ਜੌਰਜ | 250-645-6654 |
| ਡੈਲਟਾ | 604-877-6187 | ਰਿਚਮੰਡ | 604-244-5505 |
| ਕੈਮਲੂਪਸ | 250-828-4916 | ਸਰੀ | 604-582-4592 |
| ਕਲੋਨਾ | 250-861-7560 | ਵਰਨਨ | 250-549-5451 |
| ਲੈਂਗਲੀ | 604-514-6044 | ਵਾਈਟ ਰੌਕ | 604-535-4512 |
| ਵੈਨਕੂਵਰ | 505-750 ਵੈੱਸਟ ਬਰੌਡਵੇਅ<br>5752 ਵਿਕਟੋਰੀਆ ਡਰਾਈਵ<br>ਬੀ ਸੀ ਵਿਮਨਜ਼ ਹੈਲਥ ਸੈਂਟਰ<br>ਮਾਉਂਟ ਸੇਂਟ ਜੋਸਫ ਹਸਪਤਾਲ | | 604-879-8700<br>604-321-6770<br>604-775-0022<br>604-877-8388 |
| ਵਿਕਟੋਰੀਆ | 305 - 1990 ਫੋਰਟ ਸਟਰੀਟ<br>ਵਿਕਟੋਰੀਆ ਜਨਰਲ ਹਸਪਤਾਲ | | 250-952-4232<br>250-727-4338 |
| ਹੋਰ ਸਥਾਨ | ਕਲਾਇੰਟ ਸਰਵਿਸਿਜ਼ ਕਾਲ ਸੈਂਟਰ | | 1-800-663-9203 |

ਸੈਂਟਰਾਂ ਦੇ ਹੋਰ ਸਥਾਨਾਂ ਦੀ ਲਿਸਟ ਅਤੇ ਚੱਲਦੀ-ਫਿਰਦੀ ਮੈਮੋਗ੍ਰਾਫੀ ਸਰਵਿਸ ਲਈ ਕਿਰਪਾ ਕਰਕੇ screeningbc.ca/breast ’ਤੇ ਜਾਉ।
ਆਪਣੀ ਅਪੌਇੰਟਮੈਂਟ ਬੁੱਕ ਕਰਨ ਲਈ ਫੋਨ ਕਰਨ ਵੇਲੇ ਕਿਰਪਾ ਕਰਕੇ ਆਪਣਾ ਬੀ ਸੀ ਸਰਵਿਸਿਜ਼ ਕਾਰਡ/ਕੇਅਰ ਕਾਰਡ ਅਤੇ ਹੈਲਥ ਕੇਅਰ ਪ੍ਰੋਵਾਈਡਰ ਦਾ ਨਾਂ ਕੋਲ ਰੱਖੋ।
ਕਾਲ ਸੈਂਟਰ ਦੇ ਸਮੇਂ: ਸੋਮਵਾਰ ਤੋਂ ਸ਼ੁਕਰਵਾਰ, ਸਵੇਰ ਦੇ 8:00 ਵਜੇ ਤੋਂ ਬਾਅਦ ਦੁਪਹਿਰ 5:30 ਵਜੇ ਤੱਕ ਅਤੇ ਛਨਿਚਰਵਾਰ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ

## ਸਾਡੇ ਨਾਲ ਸੰਪਰਕ ਕਰੋ


BC Cancer Breast Screening
801-686 West Broadway
Vancouver, BC V5Z 1G1

ਫੋਨ: 1-800-663-9203
ਈਮੇਲ: screening@bccancer.bc.ca
ਵੈੱਬ : www.screeningbc.ca/breast



ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ। ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ। ਇਹ ਬਰੋਸ਼ਰ ਹੋਰ ਜ਼ਬਾਨਾਂ ਵਿਚ ਵੀ ਮਿਲਦਾ ਹੈ। ਅਨੁਵਾਦ ਹੋਏ ਰੂਪ ਲੈਣ ਲਈ www.screeningbc.ca ’ਤੇ ਜਾਉ।





ਅਡੀਸ਼ਨ: September 2022